ਨੰ: 22/2/2012-3ਐਫ.ਪੀ.2/ 83

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸ਼ਾਖਾ)

ਟ, -229

ਮਿਤੀ, ਚੰਡੀਗੜ੍ਹ 30 ਅਪ੍ਰੈਲ, 2015

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਵਾਧਾ ਕਰਨ ਬਾਰੇ – ਸਪਸ਼ਟੀਕਰਨ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਦਿਵਾਉਣ ਹੋਏ ਅਤੇ ਵਿੱਤ ਵਿਭਾਗ ਦੇ ਪੱ.ਨੰ: 22/2/2012-ਐਫ.ਪੀ.2/159 ਮਿਤੀ 30.10.2014 ਅਤੇ ਪੱ.ਨੰ: 22/2/2012-3ਐਫ.ਪੀ.2/3 ਮਿਤੀ 7.1.2015 ਰਾਹੀਂ ਜਾਰੀ ਹਦਾਇਤਾਂ ਨੂੰ ਸੁਪਰਸੀਡ (supersede) ਕਰਦੇ ਹੋਏ ਹੇਠ ਅਨੁਸਾਰ ਸਪਸ਼ਟੀਕਰਨ ਕਰਨ ਦੀ ਹਦਾਇਤ ਹੋਈ ਹੈ।

2. ਪੰਜਾਬ ਸਰਕਾਰ ਦੇ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾਕਾਲ ਵਿੱਚ ਵਾਧਾ ਕਰਨ ਸਬੰਧੀ ਇਸ ਵਿਭਾਗ ਦੀਆਂ ਹਦਾਇਤਾਂ ਨੰ: 22/2/2012-ਐਫ.ਪੀ.2/43 ਮਿਤੀ 22.1.2013 ਦੇ ਲੜੀ ਨੰ: 7 ਨੂੰ ਵਿਦਡਰਾਅ (withdraw) ਕਰਦੇ ਹੋਏ ਇਹ ਫੈਸਲਾ ਲਿਆ ਗਿਆ ਹੈ ਕਿ ਜਿਨ੍ਹਾਂ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੇ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਵਿਭਾਗੀ ਕਾਰਵਾਈ ਤਹਿਤ ਚਾਰਜਸ਼ੀਟ ਜਾਰੀ ਕਰਨ ਸਬੰਧੀ ਫੈਸਲਾ ਲਿਆ ਜਾ ਚੁੱਕਾ ਹੋਵੇ ਜਾਂ ਚਾਰਜਸ਼ੀਟ ਜਾਰੀ ਕੀਤੀ ਜਾ ਚੁੱਕੀ ਹੋਵੇ ਜਾਂ ਵੱਡੀ ਸਜ਼ਾ (major penalty) ਦਿਤੀ ਗਈ ਹੋਵੇ ਜਿਸ ਦਾ ਅਸਰ ਸੇਵਾ ਨਿਵਰਤੀ ਦੀ ਮਿਤੀ ਨੂੰ ਵੀ ਚੱਲ ਰਿਹਾ ਹੋਵੇ ਜਾਂ ਸੇਵਾ ਨਿਵਰਤੀ ਦੀ ਮਿਤੀ ਤੋਂ 3 ਸਾਲ ਪਹਿਲਾਂ ਦੇ ਅਰਸੇ ਦੌਰਾਨ ਵੱਡੀ ਸਜ਼ਾ (major penalty) ਦਿੱਤੀ ਗਈ ਹੋਵੇ ਜਾਂ ਕ੍ਰਿਮਿਨਲ ਕੇਸ/ਵਿਜੀਲੈਂਸ ਕੇਸ ਤਹਿਤ ਸਮਰੱਥ ਅਥਾਰਟੀ ਵਲੋਂ ਪ੍ਰੋਸੀਕਿਊਸ਼ਨ ਦੀ ਮਨਜ਼ੂਰੀ ਦਿੱਤੀ ਜਾ ਚੁੱਕੀ ਹੋਵੇ ਜਾਂ ਸਮਰੱਥ ਅਦਾਲਤ ਵਲੋਂ ਦੋਸ਼ ਲਗਾਏ ਜਾ ਚੁੱਕੇ ਹੋਣ (charges have been framed by the Court of competent jurisdiction), ਉਹਨਾਂ ਨੂੰ ਵਿੱਤ ਵਿਭਾਗ ਵਲੋਂ ਜਾਰੀ ਹਦਾਇਤਾਂ ਨੰ: 22/2/2012-3ਐਫ.ਪੀ.2/475 ਮਿਤੀ 8.10.2012 ਅਤੇ 22/2/2012-3ਐਫ.ਪੀ.2/471 ਮਿਤੀ 20.9.2013 ਅਧੀਨ ਸੇਵਾਕਾਲ ਵਿੱਚ ਵਾਧਾ ਦੇਣ ਲਈ ਵਿਚਾਰਿਆ ਨਹੀਂ ਜਾਵੇਗਾ।

3. ਅਜਿਹੇ ਅਧਿਕਾਰੀ/ਕਰਮਚਾਰੀ, ਜੋ ਵਿੱਤ ਵਿਭਾਗ ਦੀਆਂ ਹਦਾਇਤਾਂ ਨੰ: 22/2/2012-3ਐਫ.ਪੀ.2/475 ਮਿਤੀ 8.10.2012 ਅਤੇ 22/2/2012-3ਐਫ.ਪੀ.2/471 ਮਿਤੀ 20.9.2013 ਅਧੀਨ ਸੇਵਾਕਾਲ ਵਿੱਚ ਪਹਿਲੇ ਅਤੇ ਦੂਜੇ ਸਾਲ ਦੇ ਵਾਧੇ ਵਿੱਚ ਚਲ ਰਹੇ ਹਨ ਅਤੇ ਉਕਤ ਪੈਰਾ 2 ਵਿਚ ਦਰਸਾਈਆਂ ਸਥਿਤੀਆਂ ਵਿਚ ਕਵਰ ਹੁੰਦੇ ਹੋਣ, ਉਹਨਾਂ ਦੇ ਕੇਸਾਂ ਤੇ ਵੀ ਮੁੜ ਵਿਚਾਰ (review) ਕੀਤਾ ਜਾਵੇ। ਜੇਕਰ ਮੁੜ ਵਿਚਾਰ (review) ਉਪਰੰਤ ਸੇਵਾਕਾਲ ਵਿੱਚ ਪਹਿਲਾਂ ਦਿੱਤਾ ਗਿਆ ਵਾਧਾ ਉਚਿਤ ਨਹੀਂ ਸਮਝਿਆ ਜਾਂਦਾ ਹੈ ਤਾਂ ਪਹਿਲਾਂ ਦਿੱਤੇ ਵਾਧੇ ਨੂੰ ਸਮਾਪਤ ਕਰ ਦਿੱਤਾ ਜਾਵੇ। ਇਹ ਵਾਧਾ ਹਰ ਹਾਲਤ ਵਿੱਚ ਫੈਸਲਾ ਹੋਣ ਦੀ ਮਿਤੀ ਦੇ ਉਸੇ ਮਹੀਨੇ ਤੇ ਅੰਤ ਤੇ ਸਮਾਪਤ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

4. ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਜਾਰੀ ਕੀਤੀਆਂ ਜਾ ਰਹੀਆਂ ਹਦਾਇਤਾਂ ਦੇ ਤਹਿਤ ਉਹ ਕਰਮਚਾਰੀ ਜਿਨ੍ਹਾਂ ਨੂੰ ਉਨ੍ਹਾਂ ਦੀ ਸੇਵਾ ਨਿਵਰਤੀ ਦੀ ਮਿਤੀ ਸਮੇਂ ਉਨ੍ਹਾਂ ਵਿਰੁੱਧ ਅਨੁਸ਼ਾਸ਼ਨਿਕ ਜਾਂ ਕ੍ਰਿਮੀਨਲ ਪ੍ਰੋਸੀਡਿੰਗਜ ਪੇਡਿੰਗ ਹੋਣ ਕਰਕੇ ਸੇਵਾਵਾਂ ਵਿੱਚ ਵਾਧਾ ਨਹੀਂ ਦਿਤਾ ਗਿਆ ਹੈ ਪਰੰਤੂ ਜੇਕਰ ਉਨ੍ਹਾਂ ਦੀ ਸੇਵਾ ਨਿਵਰਤੀ ਉਪਰੰਤ ਅਨੁਸ਼ਾਸ਼ਨਿਕ ਜਾਂ ਕ੍ਰਿਮੀਨਲ ਪ੍ਰੋਸੀਡਿੰਗਜ ਸੰਪੂਰਣ ਹੋਣ ਤੇ ਦੋਸ਼ਮੁਕਤ ਕਰਾਰ ਦਿੱਤਾ ਜਾਂਦਾ ਹੈ ਜਾਂ ਮਾਈਨਰ ਪੈਨਲਟੀ ਦਿੱਤੀ ਜਾਂਦੀ ਹੈ ਤਾਂ ਵੀ ਉਨ੍ਹਾਂ ਦੀਆਂ ਸੇਵਾਵਾਂ ਵਿੱਚ ਵਾਧਾ ਨਾ ਦੇਣ ਦੇ ਪਹਿਲੇ ਫੈਸਲੇ ਤੇ ਮੁੜ ਵਿਚਾਰ ਨਹੀਂ ਕੀਤਾ ਜਾਵੇਗਾ ਕਿਉਂਕਿ ਅਜਿਹੇ ਕੇਸਾਂ ਵਿੱਚ ਪੰਜਾਬ ਸਿਵਲ ਸਰਵਿਸਜ ਵਾਲਿਊਮ-1, ਪਾਰਟ-1 ਦੇ ਰੂਲ 3.26 (ਏ) ਦੇ ਅਨੁਸਾਰ ਜਨਤਕ ਹਿਤਾਂ ਨੂੰ ਵੇਖਦੇ ਹੋਏ ਅਜਿਹਾ ਵਾਧਾ ਨਾ ਹੀ ਜ਼ਰੂਰੀ ਹੈ ਅਤੇ ਨਾ ਹੀ expedient ਹੈ।

5. ਉਹ ਅਧਿਕਾਰੀ/ਕਰਮਚਾਰੀ ਜਿਨ੍ਹਾਂ ਨੂੰ ਸੇਵਾਕਾਲ ਵਿੱਚ ਵਾਧਾ ਦਿੱਤਾ ਗਿਆ ਹੈ, ਵਲੋਂ ਜੇਕਰ ਸੇਵਾਕਾਲ ਦੇ ਵਾਧੇ ਦੌਰਾਨ ਕੋਈ ਗੰਭੀਰ ਕੁਤਾਹੀ (grave misconduct) ਕੀਤੀ ਜਾਂਦੀ ਹੈ ਜਾਂ ਪਹਿਲਾਂ ਕੀਤੀ ਗਈ ਗੰਭੀਰ ਕੁਤਾਹੀ ਨੋਟਿਸ ਵਿੱਚ ਆਉਂਦੀ ਹੈ ਤਾਂ ਉਨ੍ਹਾਂ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਵਿਭਾਗੀ ਕਾਰਵਾਈ ਤੋਂ ਇਲਾਵਾ ਉਨ੍ਹਾਂ ਦੇ ਸੇਵਾਕਾਲ ਦੇ ਵਾਧੇ ਨੂੰ ਫੌਰੀ ਤੌਰ ਤੇ ਇਨ੍ਹਾਂ ਕਿਸੇ ਨੋਟਿਸ ਦੇ ਵਾਪਿਸ ਲਿਆ ਜਾ ਸਕਦਾ ਹੈ। ਗਰੁੱਪ 'ਏ' ਅਤੇ 'ਬੀ' ਅਧਿਕਾਰੀਆਂ ਦੇ ਅਜਿਹੇ ਕੇਸਾਂ ਵਿੱਚ ਵਿਭਾਗ ਦੇ ਪ੍ਰਬੰਧਕੀ ਸਕੱਤਰ, ਵਿਭਾਗ ਦੇ ਮੁੱਖੀ ਅਤੇ ਇੱਕ ਹੋਰ ਸੀਨੀਅਰ ਅਧਿਕਾਰੀ ਦੀ ਇੱਕ ਕਮੇਟੀ ਹੋਵੇਗੀ ਜੋ ਕਿ ਉਸੇ ਮਹੀਨੇ ਵਿੱਚ ਹੀ ਇਸ ਸਬੰਧੀ ਫੈਸਲਾ ਕਰੇਗੀ। ਗਰੁੱਪ 'ਸੀ' ਅਤੇ 'ਡੀ' ਦੇ ਕਰਮਚਾਰੀਆਂ ਸਬੰਧੀ ਅਜਿਹੇ ਫੈਸਲੇ ਨਿਯੁਕੱਤੀ ਅਧਿਕਾਰੀ ਦੇ ਪੱਧਰ ਤੇ ਕੀਤੇ ਜਾਣਗੇ।

6. ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਉਕਤ ਫੈਸਲੇ ਉਪਰੋਕਤ ਪੈਰਾ-5 ਵਿੱਚ ਦਰਸਾਈਆਂ ਅਥਾਰਟੀਜ਼ ਦੇ ਪੱਧਰ ਤੇ ਕੀਤੇ ਜਾਣਗੇ ਅਤੇ ਇਸ ਮੰਤਵ ਲਈ ਕਿਸੇ ਹੋਰ ਕਮੇਟੀ ਦੀ ਲੋੜ ਨਹੀਂ ਹੋਵੇਗੀ।

7. ਇਹ ਹਦਾਇਤਾਂ ਤੁਰੰਤ ਪ੍ਰਭਾਵ ਤੋਂ ਲਾਗੂ ਹੋਣਗੀਆਂ ਅਤੇ ਜਿਹੜੇ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਪਹਿਲੀਆਂ ਹਦਾਇਤਾਂ ਅਨੁਸਾਰ ਵਾਧਾ ਨਹੀਂ ਦਿੱਤਾ ਗਿਆ, ਉਹਨਾਂ ਦੇ ਕੇਸ ਮੁੜ ਨਹੀਂ ਵਿਚਾਰੇ ਜਾਣਗੇ।

ਵਿਸ਼ਵਾਸਪਾਤਰ,
ਤੁਸ਼ਾ ਸ/ਹਰਾਸ 20/4/15
ਸੰਯੁਕਤ ਸਕੱਤਰ ਵਿੱਤ